# ਖੇਤੀ ਉਦਯੋਗ ਲਈ WCB ਕਵਰੇਜ

ਖੇਤੀ ਸਬੰਧੀ ਕਿਰਿਆਵਾਂ *ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act)* ਦੇ ਤਹਿਤ ਲਾਜ਼ਮੀ ਹਨ। ਇਸ ਤਰ੍ਹਾਂ, ਖੇਤ ਦੇ ਮਾਲਕਾਂ ਨੂੰ ਹਰ ਸਾਲ ਆਪਣੇ ਪੇਰੋਲ ਦੀ ਸੂਚਨਾ WCB ਨੂੰ ਦੇਣ ਦੀ ਲੋੜ ਹੁੰਦੀ ਹੈ।

ਖੇਤੀ ਕਾਰੋਬਾਰ ਦੇ ਇਕੱਲੇ ਮਾਲਕਾਂ, ਭਾਈਵਾਲਾਂ ਅਤੇ ਕਾਰਪੋਰੇਟ ਨਿਰਦੇਸ਼ਕਾਂ **ਅਤੇ** ਉਹਨਾਂ ਦੇ ਪਰਿਵਾਰ ਦੇ ਸਦੱਸਾਂ ਲਈ ਕਵਰੇਜ ਨੂੰ ਉਦੋਂ ਤੱਕ ਬਾਹਰ ਰੱਖਿਆ ਜਾਂਦਾ ਹੈ ਜਦੋਂ ਤੱਕ ਕਵਰੇਜ ਦੀ ਬੇਨਤੀ ਖਾਸ ਤੌਰ ਤੇ ਕਿਸੇ ਇੱਕ, ਜਾਂ ਦੋਵਾਂ ਕਿਸਮਾਂ ਦੀ ਕਵਰੇਜ ਲਈ ਨਹੀਂ ਕੀਤੀ ਜਾਂਦੀ।

ਹੇਠ ਲਿਖੇ ਖੇਤੀ ਉਦਯੋਗ ਕਾਰੋਬਾਰ ਵਿੱਚ ਕੰਮ ਕਰਦੇ ਪਰਿਵਾਰ ਦੇ ਸਦੱਸਾਂ ਲਈ ਵਿਕਲਪਕ ਕਵਰੇਜ ਪ੍ਰਦਾਨ ਕਰਦੇ ਹਨ:

- ਖੇਤ ਦੇ ਫਸਲ ਦੀ ਪੈਦਾਵਾਰ
- ਪਸ਼ੂ-ਧਨ ਅਤੇ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਪਾਲਣਾ
- ਸੂਰ ਅਤੇ ਮੁਰਗੀ ਪਾਲਣ
- ਹੈਚਰੀਜ਼ (Hatcheries)
- ਸ਼ਹਿਦ ਦੀਆਂ ਮੱਖੀਆਂ ਨੂੰ ਪਾਲਣਾ
- ਗ੍ਰੀਨਹਾਊਸ ਨਰਸਰੀ
- ਮਾਰਕਿਟ ਗਾਰਡਨਿੰਗ।

ਜੇ ਕਵਰੇਜ ਦੀ ਇੱਛਾ ਪਰਿਵਾਰ ਦੇ ਸਦੱਸਾਂ ਲਈ ਕੀਤੀ ਜਾਂਦੀ ਹੈ, ਤਾਂ ਤੁਹਾਡੇ ਲਈ ਖਾਸ ਤੌਰ ਤੇ ਪਰਿਵਾਰ ਦੇ ਸਾਰੇ ਸਦੱਸਾਂ ਲਈ ਕਵਰੇਜ ਦੀ ਅਰਜ਼ੀ ਦੇਣਾ ਲਾਜ਼ਮੀ ਹੈ ਜੋ ਖੇਤੀ ਕਾਰੋਬਾਰ ਲਈ ਕੰਮ ਕਰਦੇ ਹਨ।

**WCB ਦੇ ਮੁਤਾਬਕ ਨਿਰਦਿਸ਼ਟ ਕੀਤੇ ਖੇਤੀ ਉਦਯੋਗਾਂ ਵਿੱਚ ਕਿਸ ਨੂੰ ਪਰਿਵਾਰ ਦਾ ਇਕ ਸਦੱਸ ਮੰਨਿਆ ਜਾਂਦਾ ਹੈ?**

ਕਿਸਾਨ ਦੇ ਰਿਸ਼ਤੇ ਵਿੱਚ ਪਰਿਵਾਰ ਦੇ ਸਦੱਸ ਦੀ ਪਰਿਭਾਸ਼ਾ WCB ਰਾਹੀਂ ਹੇਠਾਂ ਮੁਤਾਬਕ ਦਿੱਤੀ ਗਈ ਹੈ:

(a) ਕਿਸਾਨ ਦੀ ਪਤਨੀ ਜਾਂ ਸਾਂਝਾ-ਕਾਨੂੰਨੀ ਭਾਈਵਾਲ
(b) ਕਿਸਾਨ ਦਾ ਇੱਕ ਬੱਚਾ ਜਾਂ ਕਿਸਾਨ ਦੀ ਪਤਨੀ ਦਾ ਇੱਕ ਬੱਚਾ ਜਾਂ ਸਾਂਝਾ-ਕਾਨੂੰਨੀ ਭਾਈਵਾਲ
(c) ਕਿਸਾਨ ਦੀ ਮਾਂ/ਪਿਓ ਜਾਂ ਪਤਨੀ ਜਾਂ ਮਾਂ/ਪਿਓ ਦਾ ਸਾਂਝਾ-ਕਾਨੂੰਨੀ ਭਾਈਵਾਲ
(d) ਕਿਸਾਨ ਜਾਂ ਕਿਸਾਨ ਦੀ ਪਤਨੀ ਜਾਂ ਸਾਂਝੇ-ਕਾਨੂੰਨੀ ਭਾਈਵਾਲ ਦਾ ਕੋਈ ਭਰਾ, ਭੈਣ, ਮਤਰੇਆ-ਭਰਾ, ਮਤਰੇਈ-ਭੈਣ, ਚਾਚਾ, ਚਾਚੀ, ਭਤੀਜਾ, ਭਤੀਜੀ, ਪੋਤਰਾ/ਪੋਤਰੀ ਜਾਂ ਦਾਦਾ/ਦਾਦੀ
(e) ਕਿਸਾਨ ਜਾਂ ਕਿਸਾਨ ਦੀ ਪਤਨੀ ਜਾਂ ਸਾਂਝੇ ਕਾਨੂੰਨੀ ਭਾਈਵਾਲ ਦੇ ਮਾਂ/ਪਿਓ
(f) ਕਿਸਾਨ ਜਾਂ ਕਿਸਾਨ ਦੀ ਪਤਨੀ ਜਾਂ ਸਾਂਝੇ ਕਾਨੂੰਨੀ ਭਾਈਵਾਲ ਦੇ ਵਰਤਮਾਨ ਜਾਂ ਪੂਰਵਲਾ ਮਤਰੇਈ-ਦੇਖਭਾਲ ਵਾਲੇ ਮਾਂ/ਪਿਓ
(f) ਕਿਸਾਨ ਜਾਂ ਕਿਸਾਨ ਦੀ ਪਤਨੀ ਜਾਂ ਸਾਂਝੇ ਕਾਨੂੰਨੀ ਭਾਈਵਾਲ ਦਾ ਵਰਤਮਾਨ ਜਾਂ ਪੂਰਵਲਾ ਮਤਰੇਈ-ਦੇਖਭਾਲ ਵਾਲਾ ਬੱਚਾ, ਆਸ਼੍ਰਿਤ ਵਿਅਕਤੀ ਜਾਂ ਸਰਪ੍ਰਸਤ
(h) ਕਿਸੇ ਵੀ (d) ਤੋਂ (g) ਆਈਟਮਾਂ ਵਿੱਚ ਉਲੇਖ ਕੀਤੇ ਵਿਅਕਤੀ ਦੀ ਪਤਨੀ ਜਾਂ ਸਾਂਝਾ-ਕਾਨੂੰਨੀ ਭਾਈਵਾਲ
(i) ਕੋਈ ਹੋਰ ਵਿਅਕਤੀ ਜਿਸ ਨੂੰ ਕਿਸਾਨ ਇਕ ਨਜ਼ਦੀਕੀ ਸਬੰਧੀ ਵਾਂਗ ਹੋਣ ਵਜੋਂ ਮੰਨਦਾ ਹੈ, ਭਾਵੇਂ ਇਹ ਖ਼ੂਨ, ਗੋਦ ਲੈਣ, ਵਿਆਹ ਜਾਂ ਸਾਂਝੇ-ਕਾਨੂੰਨੀ ਰਿਸ਼ਤੇ ਰਾਹੀਂ ਸਬੰਧਤ ਹਨ ਜਾਂ ਨਹੀਂ।

**ਮੈਂ ਆਪਣੇ ਪਰਿਵਾਰ ਦੇ ਸਦੱਸਾਂ ਲਈ ਵਿਕਲਪਕ ਕਵਰੇਜ ਕਿਵੇਂ ਪ੍ਰਾਪਤ ਕਰਦਾ/ਕਰਦੀ ਹਾਂ?**

ਤੁਸੀਂ ਪਰਿਵਾਰ ਦੇ ਉਹਨਾਂ ਸਦੱਸਾਂ ਲਈ ਵਿਕਲਪਕ ਖੇਤੀ-ਸਬੰਧੀ ਪਰਿਵਾਰ ਕਵਰੇਜ ਲੈਣ ਲਈ ਅਰਜ਼ੀ ਦੇ ਸਕਦੇ ਹੋ ਜੋ ਖੇਤੀ ਕਾਰੋਬਾਰ ਲਈ ਕੰਮ ਕਰਦੇ ਹਨ ਅਤੇ **ਖੇਤੀ ਕਾਰੋਬਾਰ ਰਾਹੀਂ**, ਭੁਗਤਾਨ ਕੀਤੇ ਜਾਂਦੇ ਹਨ। ਤੁਹਾਡੇ ਵਲੋਂ ਤੁਹਾਡੇ ਦੂਜੇ ਮਜ਼ਦੂਰਾਂ ਲਈ ਅਦਾ ਕੀਤੀ ਸਮਾਨ ਦਰ ਲਾਗੂ ਹੁੰਦੀ ਹੈ ਅਤੇ ਕਵਰੇਜ ਕੀ ਰਕਮ ਪਰਿਵਾਰ ਦੇ ਸਦੱਸਾਂ ਦੇ ਕੁੱਲ ਅਸਲ ਸਾਲਾਨਾ ਪੇਰੋਲ ਉੱਤੇ ਆਧਾਰਤ ਹੁੰਦੀ ਹੈ। ਜੇ ਤੁਸੀਂ ਪਰਿਵਾਰ ਦੇ ਸਦੱਸਾਂ ਨੂੰ ਕਵਰ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਪਰਿਵਾਰ ਦੇ ਉਹਨਾਂ ਸਾਰੇ ਸਦੱਸਾਂ ਨੂੰ ਕਵਰ ਕਰਨਾ ਲਾਜ਼ਮੀ ਹੈ ਜੋ ਖੇਤੀ ਕਾਰੋਬਾਰ ਰਾਹੀਂ ਰੁਜ਼ਗਾਰ ਵਿੱਚ ਲਗਾਏ ਗਏ ਹਨ।

ਇਸ ਕਵਰੇਜ ਨੂੰ ਖਰੀਦਣ ਲਈ, ਕਿਰਪਾ ਕਰਕੇ ਸਿੱਧਾ WCB ਨਾਲ ਸੰਪਰਕ ਕਰੋ।

## ਮੈਂ ਆਪਣੇ-ਆਪ ਲਈ ਕਵਰੇਜ ਕਿਵੇਂ ਪ੍ਰਾਪਤ ਕਰਦਾ/ਕਰਦੀ ਹਾਂ?

ਖੇਤੀ ਕਾਰੋਬਾਰ ਵਿੱਚ ਮਾਲਕ, ਨਿਰਦੇਸ਼ਕ ਜਾਂ ਭਾਈਵਾਲ ਦੇ ਤੌਰ ਤੇ, ਤੁਸੀਂ ਆਪਣੇ-ਆਪ ਨੂੰ ਆਮਦਨੀ ਦੇ ਨੁਕਸਾਨ ਤੋਂ ਬਚਾਉਣ ਲਈ ਨਿਜੀ ਕਵਰੇਜ ਖਰੀਦ ਸਕਦੇ ਹੋ ਅਤੇ ਕੰਮ ਦੀ ਥਾਂ ਤੇ ਲੱਗੀ ਸੱਟ ਜਾਂ ਬੀਮਾਰੀ ਦੀ ਘਟਨਾ ਵਿੱਚ ਮੈਡੀਕਲ ਅਤੇ ਮੁੜ-ਸਥਾਪਨਾ ਸੇਵਾਵਾਂ ਲਈ ਪਾਤਰ ਬਣ ਸਕਦੇ ਹੋ।

ਤੁਸੀਂ ਕਮਾਈਆਂ ਦੇ ਸਾਲਾਨਾ ਘੱਟੋ-ਘੱਟ ਪੱਧਰ ਅਤੇ ਕਮਾਈਆਂ ਦੇ ਸਾਲਾਨਾ ਵੱਧ ਤੋਂ ਵੱਧ ਪੱਧਰ ਦੇ ਵਿੱਚਕਾਰ ਭੱਤਾ ਨੁਕਸਾਨ ਕਵਰੇਜ ਦੀ ਕੋਈ ਰਕਮ ਉਸ ਸਮਾਨ ਦਰ ਤੇ ਖਰੀਦ ਸਕਦੇ ਹੋ ਜਿਸ ਦਾ ਭੁਗਤਾਨ ਤੁਸੀਂ ਆਪਣੇ ਮਜ਼ਦੂਰਾਂ ਲਈ ਕਰਦੇ ਹੋ।

ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਕੰਮ ਦੀ ਥਾਂ ਤੇ ਲੱਗੀ ਸੱਟ ਦੀ ਘਟਨਾ ਵਿੱਚ – ਮਜ਼ਦੂਰੀ ਦੇ ਨੁਕਸਾਨ ਸਮੇਤ – ਆਪਣੇ ਹਾਲਾਤਾਂ ਲਈ ਮੁਨਾਸਬ ਕਵਰੇਜ ਪੱਧਰ ਦੇ ਨਾਲ-ਨਾਲ ਫਾਇਦਾ ਅਧਿਕਾਰ ਚੁਣਨ ਵਿੱਚ ਆਪਣੀ ਮਦਦ ਲਈ ਨਿਜੀ ਕਵਰੇਜ ਫੈਕਟ ਸ਼ੀਟ ਦਾ ਹਵਾਲਾ ਲਓ।

## ਕਵਰੇਜ ਕਿੰਨੀ ਦੇਰ ਤੱਕ ਪ੍ਰਭਾਵੀ ਰਹਿੰਦਾ ਹੈ?

ਕਿਉਂਕਿ ਖੇਤੀ ਕਰਨ ਵਾਲਾ ਪਰਿਵਾਰ ਕਵਰੇਜ ਅਤੇ ਨਿਜੀ ਕਵਰੇਜ ਦੋਵੇਂ ਵਿਕਲਪਕ ਹਨ, ਕਵਰੇਜ ਉਦੋਂ ਤੱਕ ਪ੍ਰਭਾਵੀ ਰਹਿੰਦਾ ਹੈ ਜਦੋਂ ਤੱਕ ਤੁਸੀਂ ਇਸ ਨੂੰ ਰੱਦ ਨਹੀਂ ਕਰਦੇ ਜਾਂ ਜਦੋਂ ਤੱਕ WCB ਕਵਰੇਜ ਨੂੰ ਇਸ ਕਰਕੇ ਰੱਦ ਨਹੀਂ ਕਰਦਾ ਕਿਉਂਕਿ ਤੁਸੀਂ WCB ਦੀਆਂ ਸੂਚਨਾ ਅਤੇ ਭੁਗਤਾਨ ਜ਼ਰੂਰਤਾਂ ਪੂਰੀਆਂ ਨਹੀਂ ਕੀਤੀਆਂ।

## ਵਧੇਰੀ ਜਾਣਕਾਰੀ ਲਈ ਮੈਂ ਕਿਸ ਨਾਲ ਸੰਪਰਕ ਕਰਦਾ/ਕਰਦੀ ਹਾਂ?

ਜੇ ਤੁਹਾਡੇ ਕੋਲ ਵਿਕਲਪਕ ਖੇਤੀ ਪਰਿਵਾਰ ਕਵਰੇਜ ਜਾਂ ਨਿਜੀ ਕਵਰੇਜ ਬਾਰੇ ਕੋਈ ਪ੍ਰਸ਼ਨ ਹਨ, ਜਾਂ ਜੇ ਤੁਸੀਂ ਕਵਰੇਜ ਲਈ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਮੁਲਾਂਕਣ ਸੇਵਾਵਾਂ ਨਾਲ (204) 954-4505 ਤੇ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ ਟੌਲ ਫ੍ਰੀ ਨੰਬਰ 1-855-954-4321 ਵਿਖੇ ਫੋਨ ਕਰੋ।

ਨਹੀਂ ਤਾਂ, ਤੁਸੀਂ (204) 954-4900 ਤੇ ਜਾਂ ਕੈਨੇਡਾ ਵਿੱਚ 1-866-245-0796 ਤੇ ਟੋਲ ਫ੍ਰੀ ਫੈਕਸ ਭੇਜ ਸਕਦੇ ਹੋ, ਜਾਂ ਇੱਥੇ ਆਕਲਨ ਸੇਵਾ ਵਿਭਾਗ ਨੂੰ ਲਿਖ ਸਕਦੇ ਹੋ:

Workers Compensation Board

Assessment Services Department

333 Broadway

Winnipeg, Manitoba R3C 4W3

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।